International Journal of Multidisciplinary Trends

E-ISSN: 2709-9369
P-ISSN: 2709-9350
www.multisubjectjournal.com
IJMT 2023; 5(1): 51-55
Received: 25-11-2022
Accepted: 30-12-2022

Dr. Harbans Singh
(ਡਾ. ਹਰਬੰਸ ਸਿੰਘ)
Professor,
Department of Punjabi,
Sri Guru Tegh Bahadur Khalsa College, University of Delhi, Delhi, India

# ਜਪੁ ਜੀ ਬਾਣੀ ਵਿਚ ਸੱਚ ਦੀ ਪ੍ਰਾਸੰਗਿਕਤਾ

**Dr. Harbans Singh (ਡਾ. ਹਰਬੰਸ ਸਿੰਘ)**

**DOI:** https://doi.org/10.22271/multi.2023.v5.i1a.309

ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕੋ ਸਮੇਂ ਸਮ-ਕਾਲ ਤੇ ਸਰਬ-ਕਾਲ ਨਾਲ ਸੰਬੰਧਿਤ ਹੈ। ਇਸ ਲਈ ਜਪੁ ਜੀ ਦੀ ਪ੍ਰਾਸੰਗਿਕਤਾ ਵਰਤਮਾਨ ਕਾਲ ਵਿਚ ਵੀ ਉਨ੍ਹੀਂ ਮਹਤੱਵਪੂਰਨ ਜਿਨ੍ਹੀਂ ਸਰਬ-ਕਾਲ ਵਿਚ ਹੈ। ਇਸ ਬਾਣੀ ਦਾ ਮੂਲ ਸੰਬੰਧ ਮਾਨਵੀ ਸਰੋਕਾਰਾਂ ਦੀ ਪਛਾਣ ਨਾਲ ਹੋਣ ਕਰਕੇ ਮੱਧਕਾਲੀ ਮਨੁੱਖ ਲਈ ਨਹੀਂ ਸਗੋਂ ਵਰਤਮਾਨ ਦੇ ਨਾਲ-ਨਾਲ ਸਰਬ-ਕਾਲ ਵਿਚ ਜਿਓ ਰਹੀ ਮਨੁੱਖੀ ਹੋਂਦ ਲਈ ਵੀ ਮਹੱਤਵਪੂਰਨ ਹੈ। ਇਸ ਬਾਣੀ ਵਿਚ ਮਨੁੱਖੀ ਸਵੈ-ਪਛਾਣ ਦੇ ਮੂਲ ਆਧਾਰ ਛੁੱਪੇ ਹੋਏ ਹਨ। ਜਪੁ ਜੀ ਬਾਣੀ ਧਾਰਮਿਕ ਅਨੁਭਵ ਅਤੇ ਅਧਿਆਤਮਕ ਗਿਆਨ ਵੱਲ ਧਿਆਨ ਆਕ੍ਰਿਸ਼ਤ ਕਰਨ ਦੇ ਨਾਲ-ਨਾਲ ਧਾਰਮਿਕ ਸੰਕਲਪ ਅਤੇ ਸਿੱਧਾਂਤ ਦੀ ਰਹੱਸਮਈ ਵਿਆਖਿਆ ਕਰਕੇ ਉਨ੍ਹਾਂ ਪੁਰਬ-ਪ੍ਰਚਲਿਤ ਪਰੰਪਰਾਵਾਂ ਨਾਲ ਸੰਵਾਦ ਰਚਾ ਕੇ ਜਾਗ੍ਰਿਤੀ ਦੀ ਲਖਾਇਕ ਬਣੀ।

ਅਜੋਕੇ ਸਮੇਂ ਵਿਚ ਧਰਮ ਦੀ ਸਾਰਥਿਕਤਾ ਅਤੇ ਪ੍ਰਾਸੰਗਿਕਤਾ ਬਾਰੇ ਗੰਭੀਰ ਬਹਿਸ ਛਿੜੀ ਹੋਈ ਹੈ।ਜਿਸ ਦਾ ਸਿੱਟਾ ਇਹ ਕਿ ਧਾਰਮਿਕ ਵਰਤਾਰੇ ਅਤੇ ਵਿਵਹਾਰ ਰਾਹੀਂ ਸਾਰਥਿਕਤਾ ਨੂੰ ਨਵੇਂ ਸਿਰਿਓਂ ਪਛਾਨਣ ਦਾ ਯਤਨ ਹੋ ਰਿਹਾ ਹੈ ਕਿਉਂਕਿ ਇਹ ਮਨੁੱਖ ਦਾ ਆਪਣੀ ਹੋਂਦ-ਮੁਖੀ ਸਰੋਕਾਰਾਂ ਨਾਲ ਜੁੜਨ ਦਾ ਵਸੀਲਾ ਹੈ। ਇਸੇ ਲਈ ਆਧੁਨਿਕ ਚਿੰਤਕਾਂ ਨੇ ਵੀ ਧਰਮ ਨੂੰ ਬ੍ਰਹਿਮੰਡੀ ਚੇਤਨਾ ਦਾ ਪ੍ਰਵੇਸ਼ ਦੁਆਰ ਮੰਨਿਆ ਹੈ।

ਜਪੁ ਬਾਣੀ ਦੀ ਸਾਰਥਿਕਤਾ ਅਤੇ ਪ੍ਰਾਸੰਗਿਕਤਾ ਵਰਤਮਾਨ ਸਮੇਂ ਵਿਚ ਵੀ ਹੈ, ਜਿਵੇਂ-ਜਿਵੇਂ ਮਨੁੱਖੀ ਜੀਵਨ ਦਿਨੋ-ਦਿਨ ਮਸ਼ੀਨੀਕ੍ਰਿਤ ਹੁੰਦਾ ਜਾ ਰਿਹਾ ਹੈ। ਮਨੁੱਖੀ ਹੋਂਦ ਦੀ ਬਹਾਲੀ ਲਈ ਜਪੁ ਜੀ ਬਾਣੀ ਦਾ ਸੰਕੇਤ ਹੋਰ ਵੀ ਸਾਰਥਿਕ ਤੇ ਪ੍ਰਾਸੰਗਿਕ ਹੁੰਦਾ ਜਾ ਰਹੀ ਹੈ। ਇਸ ਵਿਚ ਪਹਿਲੀ ਵਿਸ਼ਵ-ਦ੍ਰਿਸ਼ਟੀ ਤੇ ਦੂਜੀ ਯਥਾਰਥ ਬਾਰੇ ਵਿਵੇਕਪੂਰਨ ਧਾਰਣਾਵਾਂ ਪੇਸ਼ ਹੋ ਰਹਿਆਂ ਹਨ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰਨ ਸਮੇਂ ਜਪੁ ਜੀ ਬਾਣੀ ਨੂੰ ਪਹਿਲਾ ਸਥਾਨ ਦਿੱਤਾ। ਸਿੱਖ ਵਿਦਵਾਨਾਂ ਨੇ ਇਸ ਬਾਣੀ ਨੂੰ ਸਮੁੱਚੀ ਗੁਰਬਾਣੀ ਦਾ ਦਾਰਸ਼ਨਿਕ ਸਾਰ ਅਤੇ ਵਿਚਾਰਧਾਰਾਈ ਆਧਾਰ ਮੰਨਿਆ ਹੈ ਕਿਉਂਕਿ ਜਪੁ ਜੀ ਬਾਣੀ ਵਿਚ ਜੀਵਨ, ਜਗਤ ਅਤੇ ਮਨੁੱਖ ਦੀ ਅਪ੍ਰਮਾਣਿਕ ਹੋਂਦ ਨੂੰ ਕਿਵੇਂ ਪ੍ਰਮਾਣਿਕ ਬਣਾਇਆ ਜਾ ਸਕਦਾ ਹੈ ਇਸ ਦੀ ਸੋਝੀ ਦਿੱਤੀ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਈ ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ-ਜੁਗਤ ਦਾ ਸਾਰ ਤੱਤ ਹੈ। ਜਪੁ ਜੀ ਬਾਣੀ ਕੂੜ (ਯਥਾਰਥ ਦੇ ਵਿਨਾਸ਼ਕਾਰੀ ਤੱਤ) ਦੀ ਨਿਸ਼ਾਨਦੇਹੀ ਕਰਰੇ ਸੱਚ (ਵਿਸ਼ਵ-ਦ੍ਰਿਸ਼ਟੀ, ਮਨੁੱਖੀ ਹੋਂਦ ਦੀ ਪ੍ਰਮਾਣਿਕਤਾ) ਦੀ ਪਛਾਣ ਅਤੇ ਉਸ ਦੀ ਭੂਮਿਕਾ ਨੂੰ ਅਗਰਭੂਮਿਤ ਕਰਦੀ ਹੈ। ਗੁਰੂ ਨਾਨਕ ਦੇਵ ਜੀ ਪਹਿਲੇ ਸਲੋਕ ਰਾਹੀਂ ਸੱਚ ਸ਼ਬਦ ਦੀ ਚਾਰ ਵਾਰ ਵਰਤੋਂ ਕਰਕੇ ਸੱਚ ਦੀ ਸਾਰਥਕਤਾ ਤੇ ਪ੍ਰਾਸੰਗਿਕਤਾ ਨੂੰ ਸਥਾਪਿਤ ਕਰਦੇ ਹਨ।

> ਆਦਿ ਸਚੁ ਜੁਗਾਦਿ ਸਚੁ ॥
> ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ [1]

ਇਸ ਸਲੋਕ ਤੋਂ ਪਹਿਲਾਂ ਸਿੱਖ ਧਰਮ ਅਨੁਸਾਰ 'ਮੂਲ ਮੰਤਰ' ਹੈ ਜੋ 'ੴ' ਤੋਂ 'ਗੁਰ ਪ੍ਰਸਾਦਿ' ਰਾਹੀਂ ਪਰਮ ਸੱਚ ਦੀ ਦੈਵੀ ਹੋਂਦ ਦੀ ਏਕਤਾ ਦੀ ਵਿਆਖਿਆ ਕੀਤੀ ਗਈ ਹੈ। ਆਪ ਜੀ ਦੇ 'ੴ'(ਇਕ ਓਅੰਕਾਰ) ਸ਼ਬਦ ਦੀ ਵਰਤੋਂ ਤੋਂ ਭਾਵ ਪਰਮਾਤਾਮ ਇਕ ਹੈ । ਇਕ-ਰਸ ਵਿਆਪਕ ਹੋਣ ਕਰਕੇ ਆਪ ਹੀ ਸਤਿਨਾਮ, ਕਰਤਾ-ਪੁਰਖ, ਨਿਰਭਉ, ਨਿਰਵੈਰ, ਅਕਾਲ

Corresponding Author:
Dr. Harbans Singh
(ਡਾ. ਹਰਬੰਸ ਸਿੰਘ)
Professor,
Department of Punjabi,
Sri Guru Tegh Bahadur Khalsa College, University of Delhi, Delhi, India

ਮੂਰਤਿ, ਅਜੂਨੀ ਸੈਭੰ ਹੈ ਅਤੇ ਇਸ ਦੀ ਪ੍ਰਾਪਤੀ (ਮੇਲ) ਗੁਰ ਪ੍ਰਸਾਦਿ ਰਾਹੀਂ ਹੁੰਦੀ ਹੈ। ਇਨ੍ਹਾਂ ਵਿਸ਼ੇਸ਼ਤਾਵਾਂ ਰਾਹੀਂ ਗੁਰੂ ਨਾਨਕ ਦੇਵ ਦੈਵੀ-ਸ਼ਕਤੀ ਦੀ ਹੋਂਦ—ਰੂਪ ਨੂੰ ਨਿਰਗੁਣ, ਨਿਰਾਕਾਰ, ਕਾਲ-ਰਹਿਤ, ਭੈ-ਰਹਿਤ, ਵੈਰ-ਰਹਿਤ, ਜਨਮ-ਜਾਤ ਰਹਿਤ ਅਤੇ ਆਪਣੇ-ਆਪ ਪਰਮ ਸੱਤਾ ਹੋਣ ਦਾ ਗਿਆਨ ਦਿੰਦੇ ਹਨ। ਇਸ ਪਰਮ ਸੱਤਾ ਨਾਲ ਗੁਰਪ੍ਰਸਾਦਿ ਭਾਵ ਗੁਰੂ ਦੀ ਕ੍ਰਿਪਾ ਰਾਹੀਂ ਮਿਲਾਪ ਹੁੰਦਾ ਹੈ। ਮੂਲ-ਮੰਤਰ ਵਿਚ ਆਧਾਰ ਹਸਤੀ ਅਤੇ ਹੋਂਦ ਨੂੰ ਸ੍ਰਿਸ਼ਟੀ ਦੇ ਕਰਤਾ-ਪੁਰਖ ਦੇ ਰੂਪ ਵਿਚ ਦ੍ਰਿਸ਼ਾਇਆ ਗਿਆ ਹੈ। ਇਸ ਮੂਲ-ਮੰਤਰ ਉਪਰਾਂਤ ਪਹਿਲੇ ਸਲੋਕ ਰਾਹੀਂ ਸੱਚ ਸ਼ਬਦ-ਰੂਪ ਵਿਚ ਪੇਸ਼ ਹੁੰਦਾ ਹੈ। ਇਹ ਸੱਚ ਆਦਿ ਕਾਲ ਵਿਚ ਵੀ ਸੀ, ਜੁਗਾਦਿ (ਜਦੋਂ ਤੋਂ ਸਮੇਂ-ਸਾਰਣੀ ਬਣੀ ਹੈ) ਵਿਚ ਵੀ ਸੱਚ ਸੀ, 'ਹੈ ਭੀ' ਵਰਤਮਾਨ ਸਮੇਂ ਵਿਚ, 'ਨਾਨਕ ਹੋਸੀ ਭੀ ਸਚੁ' ਭਵਿੱਖ ਵਿਚ ਵੀ ਸੱਚ ਪ੍ਰਕਾਸ਼ਮਾਨ ਰਹੇਗਾ। ਇਹ ਸੱਚ ਸਰਬ-ਕਾਲੀ ਤੇ ਸਦੀਵੀ ਹੋਣ ਕਰਕੇ ਉਦੋਂ ਤੋਂ ਹੈ ਜਦੋਂ ਤੋਂ ਸਰਗੁਣ ਸਰੂਪ ਭਾਵ ਜੀਵ-ਆਤਮਾ ਹੋਂਦ ਰੂਪ ਧਾਰਣ ਕਰਦੀ ਹੈ। ਉਸ ਸਮੇਂ (ਆਦਿ ਕਾਲ) ਤੋਂ ਵਰਤਮਾਨ ਕਾਲ (ਸਮ-ਕਾਲ) ਅਤੇ ਭਵਿੱਖ-ਮੁੱਖੀ ਜੀਵਨ-ਯਾਤਰਾ ਲਗਾਤਾਰ ਚੱਲਦੀ ਆ ਰਹੀ ਹੈ। ਇਸੇ ਕਰਕੇ ਮਨੁੱਖੀ ਜੀਵਨ ਨੂੰ ਸਮਝਣ ਦੀਆਂ ਸਮੇਂ-ਸਮੇਂ ਵੱਖ-ਵੱਖ ਦ੍ਰਿਸ਼ਟੀਆਂ ਹੋਂਦ ਗ੍ਰਹਿਣ ਕਰਦਿਆਂ ਰਹਿਣਗੀਆਂ। ਸੱਚ ਸਦੀਵ-ਕਾਲੀ ਹੋਣ ਕਰਕੇ ਪਿਆਰ ਨੂੰ ਸੱਚ ਨਾਂ ਦਿੱਤਾ ਗਿਆ ਹੈ। ਡਾ: ਜਸਵੰਤ ਸਿੰਘ ਨੇਕੀ ਅਨੁਸਾਰ ਪਿਆਰ ਹੀ ਸੱਚ ਹੈ। ਬਾਬਾ ਫ਼ਰੀਦ ਜੀ ਵੀ ਪਿਆਰ ਨੂੰ ਹੀ ਸੱਚ ਮੰਨਦੇ ਹਨ:

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥ [2]

ਗੁਰੂ ਨਾਨਕ ਦੇਵ ਜੀ ਅਨੁਸਾਰ ਸੱਚ ਨਾ ਪੁਰਾਣਾ ਹੁੰਦਾ ਅਤੇ ਨਾ ਹੀ ਛਿਜਦਾ ਹੈ।

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ। [3]

ਸੱਚ ਅਧਿਆਤਮਕ ਜੀਵਨ ਦਾ ਬੀਜ ਹੈ ਇਹ ਸੰਸਾਰ ਸਿਰਜਣਾਂ ਤੋਂ ਪਹਿਲਾਂ ਮੌਜੂਦ ਸੀ, ਸਿਰਜਣਾ ਸਮੇਂ ਅਤੇ ਵਰਤਮਾਨ ਦੇ ਵਿਚ ਵਰਤ ਰਿਹਾ ਅਤੇ ਭਵਿੱਖ ਵਿਚ ਵਰਤਦਾ ਰਹੇਗਾ।ਇਹ ਕੋਈ ਕਲਪਿਤ ਹਸਤੀ ਨਹੀਂ ਹੈ, ਚੇਤਨ ਵਜੂਦ ਵਾਲੀ ਹਸਤੀ ਹੈ। ਰਚਨਾ ਦੀ ਸਿਰਜਣਾ ਕੇਵਲ ਵਜੂਦ ਵਾਲੀ ਹਸਤੀ ਹੀ ਕਰ ਸਕਦੀ ਹੈ। ਭਾਵ ਨਿਰੰਕਾਰ ਨਿਰੰਜਨ ਇਕੋ ਹੈ ਜੋ ਅਪਰੰਪਾਰ ਤੇ ਸਰਬ ਵਿਆਪਕ ਹੈ।
ਗੁਰੂ ਨਾਨਕ ਬਾਣੀ ਵਿਚ ਸੱਚ ਦੀ ਦ੍ਰਿੜ੍ਹਤਾ ਬਾਰੇ ਜਪੁ ਬਾਣੀ ਤੋਂ ਇਲਾਵਾ ਹੋਰ ਉਦਾਹਰਣਾਂ ਵੀ ਸਿਲਦੀਆਂ ਹਨ। ਜਿਵੇਂ ਆਸਾ ਦੀ ਵਾਰ ਵਿਚ ਫ਼ੁਰਮਾਣ ਹੈ:

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥ [4]

ਇਹ ਵਰਤਾਇਆ ਗਿਆ 'ਸੱਚ' ਸ੍ਰਿਸ਼ਟੀ ਦਾ ਸੱਚ ਹੈ, ਜਿਹੜਾ ਮਨ, ਬਚਨ, ਕਰਮ ਰਾਹੀਂ ਪ੍ਰਗਟ ਹੁੰਦਾ ਹੈ। ਇਸ ਸੱਚ ਨੂੰ ਧਿਆਉਣ ਵਾਲੇ ਸੱਚੇ ਹੁੰਦੇ ਹਨ।

ਨਾਨਕ ਸਚੁ ਧਿਆਇਨਿ ਸਚੁ॥ [5]

ਇਹ ਸੱਚੇ ਹੀ ਸਚਿਆਰ ਬਣਦੇ ਹਨ। ਸਚਿਆਰਿਆਂ ਨੇ ਆਪਣੇ ਅੰਦਰ ਸੱਚ ਨੂੰ ਵਸਾਇਆ ਇਸ ਕਰਕੇ ਉਨ੍ਹਾਂ ਦੀ ਪੱਤ ਵੀ ਸੱਚੀ ਅਤੇ ਬੋਲ ਵੀ ਸੱਚੇ ਹੁੰਦੇ ਹਨ:

ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ॥
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ॥ [6]

ਸੱਚ ਸ਼ਬਦ ਦੀ ਬਰਤੋਂ ਗੁਰਬਾਣੀ ਵਿਚ ਆਮ ਤੌਰ ਤੇ ਸਤਿ-ਪੁਰਖ ਦੇ ਅਰਥ ਵਿਚ ਹੋਈ ਜਿਸ ਦਾ ਅਰਥ ਸਤਿ-ਪੁਰਖ ਜੋ ਸਭ ਦਾ ਕਰਤਾ ਹੈ।

ਨਾਨਕ ਸਾਚੇ ਕਉ ਸਚੁ ਜਾਣੁ॥ [7]

ਇਹ ਸੱਚ ਚੇਤਨ ਵਜੂਦ ਵਾਲਾ ਹੈ, ਇਹ ਤਿੰਨਾਂ ਲੋਕਾਂ ਤੋਂ ਪਰ੍ਹੇ ਹੈ। ਇਸ ਨੂੰ 'ਸੋ ਦਰੁ' ਵਾਲੀ ਪਉੜੀ ਵਿਚ ਵਧੇਰੇ ਸਪੱਸ਼ਟਤਾ ਨਾਲ ਪੇਸ਼ ਕੀਤਾ ਗਿਆ ਹੈ।

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ [8]

ਇਸ ਪਉੜੀ ਵਿਚ 'ਸਾਚਾ ਸਾਚੀ ਨਾਈ' ਸੱਚ ਦੇ ਸੱਚੇ ਨਾਮ ਜਾਂ ਸਤਿ ਨਾਮ ਨੂੰ ਹੀ ਦੁਹਰਾਇਆ ਹੈ। "ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ" ਦੀ ਤੁਕ ਰਾਹੀਂ ਫ਼ੁਰਮਾਇਆ ਕਿ ਪਰਮਾਤਮਾ 'ਸਦਾ ਸਚੁ ਸਾਹਿਬ' ਹੈ ਉਸ ਦਾ ਆਦਿ, ਭਾਵ ਆਰੰਭ ਕੋਈ ਕਾਲ-ਸੀਮਾ ਵਿਚ ਨਹੀਂ ਹੈ। ਉਹ ਸਭ ਦੇ ਆਦਿ ਵਿਚ ਮੌਜੂਦ ਸੀ ਤੇ ਅੱਗੇ ਵੀ ਰਹੇਗਾ। ਜਪੁ ਜੀ ਬਾਣੀ ਦੀਆਂ 16ਵੀਂ ਤੋਂ 19ਵੀਂ ਤੱਕ ਦੀਆਂ ਚਾਰ ਪਉੜੀਆਂ ਪਰਮਾਤਮਾ ਦੀ ਹਸਤੀ ਦੇ ਸਦਾ ਥਿਰ ਰਹਿਣ ਨੂੰ ਦ੍ਰਿਸ਼ਾਉਂਦਿਆਂ ਹਨ।

ਤੂ ਸਦਾ ਸਲਾਮਤਿ ਨਿਰੰਕਾਰ॥ [9]

ਆਦਿ ਤੇ ਜੁਗਾਂ ਤੋਂ ਚਲਦੇ ਆ ਰਹੇ ਪਰਮਾਤਮਾ ਦੇ ਸੱਚ ਸਰੂਪ ਨੂੰ ਜਪੁ ਜੀ ਸਾਹਿਬ ਦੀਆਂ 28 ਤੋਂ 31 ਪਉੜੀਆਂ ਦੀਆਂ ਅਖ਼ੀਰਲੀਆਂ ਤੁਕਾਂ ਵਿਚ ਇਸ ਤਰ੍ਹਾਂ ਦ੍ਰਿੜ੍ਹ ਕਰਵਾਇਆ ਗਿਆ ਹੈ:

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗ ਏਕੋ ਵੇਸੁ॥ [10]

ਗੁਰਬਾਣੀ ਸਦੀਵੀ ਸੱਚ ਰਾਹੀਂ ਅਜਿਹੇ ਮਨੁੱਖ ਦੀ ਮਾਨਵਵਾਦੀ ਦ੍ਰਿਸ਼ਟੀਕੋਣ ਘੜਨ ਦੀ ਚੇਤਨਾ ਵੱਲ ਰੁਚਿਤ ਹੈ ਜੋ ਡਰ ਤੋਂ ਸੁਤੰਤਰ ਤੇ ਭਰਪੂਰ ਜੀਵਨ ਗੁਜ਼ਾਰਨ ਵਾਲਾ ਹੋਵੇ ਸਾਂਸਕ੍ਰਿਤਕ ਅਤੇ ਸੁਰਮਗਤ ਮਾਨਸਿਕਤਾ ਦਾ ਮਾਲਕ ਬਣੇ। ਸਿੱਖ ਧਰਮ ਅਨੁਸਾਰ ਜੀਵਨ ਹੋਰ ਵੀ ਪਸ਼ੂ-ਪੰਛੀਆਂ ਆਦਿ ਵਿਚ ਹੈ ਪਰ ਮਨੁੱਖ ਚੌਰਾਸੀ ਲੱਖ ਜੂਨਾਂ ਵਿਚੋਂ ਸਰਵੋਤਮ ਪ੍ਰਾਣੀ ਹੈ। ਮਨੁੱਖੀ

ਮਨ ਪਰਮਾਤਮਾ ਦੀ ਜੋਤ ਸਰੂਪ ਹੋਣ ਕਰਕੇ ਆਪਣੇ ਮੂਲ ਦੀ ਪਛਾਣ ਨਾਲ ਜੁੜਨ ਲਈ ਮਨੁੱਖ ਨੂੰ ਚੇਤਨ ਮਨੁੱਖੀ ਸਰੀਰ ਪ੍ਰਾਪਤ ਹੋਇਆ ਹੈ। ਗੁਰਮਤਿ ਨੇ ਮਨੁੱਖ ਨੂੰ ਨਿਰਾ ਸਰੀਰ ਹੀ ਨਹੀਂ ਮੰਨਿਆ ਸਗੋਂ ਇਸ ਨੂੰ ਆਤਮਾ ਤੇ ਮਾਦੇ ਦਾ ਸੰਗਮ ਸਵੀਕਾਰਿਆ ਹੈ। ਪਰਮਾਤਮਾ ਨੇ ਸਰੀਰ ਅੰਦਰ ਅਪਾਰ ਜੋਤ ਰੱਖੀ ਹੈ:

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸੁ ਮਹਿ ਰਾਖੀ ਜੋਤਿ ਅਪਾਰ॥ [11]

ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਜੋਤ ਜੀਵਨ ਨੂੰ ਰੌਸ਼ਨ ਕਰਦੀ ਹੈ ਤੇ ਮਨੁੱਖ ਦਿਵ-ਸਰੂਪ ਹੋ ਕੇ ਆਤਮਿਕ ਤੌਰ ਤੇ ਬਲਵਾਨ ਬਣਦਾ ਹੈ। ਇਹ ਜੋਤ ਗੁਰੂ ਦੀ ਸਿੱਖਿਆ ਪ੍ਰਤੀ ਸੁਚੇਤ ਹੋ ਕੇ ਗੁਰਪ੍ਰਸਾਦਿ ਦੀ ਮਹਿਰ ਰਾਹੀਂ ਪ੍ਰਗਟ ਹੁੰਦੀ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ [12]

ਜਪੁ ਜੀ ਬਾਣੀ ਦੀ 34ਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੇ "ਸਚਾ ਆਪਿ ਸਚਾ ਦਰਬਾਰੁ" ਅਤੇ ਉਸ ਦਰਬਾਰ ਵਿਚ ਸੋਭਾ ਪ੍ਰਾਪਤੀ ਵਾਲੇ ਹੀ ਸੋਭਾਏਮਾਨ ਦ੍ਰਿਸ਼ਾਏ ਹਨ।

ਤਿਥੈ ਸੋਹਿਨ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨਿਸਾਣੁ॥ [13]

ਇਸ ਪਉੜੀ ਵਿਚ ਗੁਰੂ ਜੀ ਫੁਰਮਾ ਰਹੇ ਹਨ ਕਿ ਰਚਨਹਾਰ ਪ੍ਰਮਾਤਮਾ ਆਪ ਸੱਚਾ ਹੈ ਅਤੇ ਉਸ ਦਾ ਦਰਬਾਰ ਵੀ ਸੱਚਾ ਹੈ। ਉਸ ਦਰਬਾਰ ਵਿਚ ਪਰਵਾਣ ਹੋਏ ਭਗਤ ਜਨ ਹੀ ਸੋਭਾ ਪਾਉਂਦੇ ਹਨ। ਉੱਥੇ ਹੀ ਮਿਹਰ ਕਰਨ ਵਾਲੇ ਪਰਮਾਤਮਾ ਦੀ ਕਿਰਪਾ ਰਾਹੀਂ ਨਿਸ਼ਾਨ ਪ੍ਰਾਪਤ ਹੁੰਦਾ ਹੈ। ਭਾਵ ਜੀਵ-ਆਤਮਾ ਵਿਚ ਕਿਨ੍ਹੀਂ ਕਚਿਆਈ ਜਾਂ ਪਕਿਆਈ ਹੈ, ਕਿਨ੍ਹਾਂ ਝੂਠ ਅਤੇ ਕਿਨ੍ਹਾਂ ਸੱਚ ਹੈ ਇਸ ਦੀ ਪਰਖ ਹੁੰਦੀ। ਇਸ ਮੰਜ਼ਿਲ (ਸੱਚ) ਤੱਕ ਪਹੁੰਚਣ ਲਈ ਨਾਮ ਸਿਮਰਨ ਦੀ ਜ਼ਰੂਰੀ ਸ਼ਰਤ ਹੈ। ਜਪੁ ਜੀ ਬਾਣੀ ਵਿਚ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸੱਚ ਖੰਡ ਅਵਸਧਾ ਵਿਚੋਂ ਪ੍ਰਗਟ ਸੱਚ ਦੀ ਪ੍ਰਾਪਤੀ ਹੁੰਦੀ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਨਾਨਕ ਕਥਨਾ ਕਰੜਾ ਸਾਰੁ॥ [14]

ਇਸ ਸੱਚ ਨੇ ਹਮੇਸ਼ਾ ਬਣੇ ਰਹਿਣਾ ਹੈ। ਇਸ ਸੱਚ ਵਿਚੋਂ ਹੀ ਸੰਜਮ ਤੇ ਸੰਤੋਖ ਨੇ ਜਨਮ ਲੈਣਾ, ਇਸ ਨਾਲ ਹੀ ਜੀਵਨ-ਜੁਗਤ ਚਲਦੀ ਹੈ। ਜਪੁ ਜੀ ਦੀ 38ਵੀਂ ਪਉੜੀ ਵਿਚ ਧੀਰਜ ਨੂੰ 'ਸੁਨਿਆਰ' ਦੇ ਪ੍ਰਤੀਕ ਰਾਹੀਂ ਸਮਝਾਇਆ ਗਿਆ ਹੈ। ਜਿਵੇਂ ਸੁਨਿਆਰ ਧੀਰਜ ਨਾਲ ਸੋਨੇ ਦੇ ਗਹਿਣੇ ਤਿਆਰ ਕਰਦਾ ਇਵੇਂ ਹੀ ਧੀਰਜ ਦੁਆਰਾ ਪਰਮਾਤਮਾ ਮਿਹਰ ਨਾਲ ਉੱਚ— ਭਾਵ ਸੱਚ-ਅਵਸਥਾ ਪ੍ਰਾਪਤ ਹੁੰਦੀ ਹੈ।

ਜਤੁ ਪਾਹਾਰਾ ਧੀਰਜੁ ਸੁਨਿਆਰੁ॥
ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥
ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਗਲ॥ [15]

ਸਹਜ ਅਵਸਥਾ ਦੀ ਪ੍ਰਾਪਤੀ ਪਰਮਾਤਮਾ ਨਾਲ ਪੂਰਨ ਅਭੇਦਤਾ ਦੀ ਨਿਸ਼ਾਨੀ ਹੈ। ਇਸ ਅਵਸਥਾ ਵਿਚ ਤ੍ਰਿਸ਼ਨਾ ਮਿੱਟ ਜਾਂਦੀਆਂ ਹਨ।

ਸਹਿਜ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ॥ [16]

ਇਸ ਤਰ੍ਹਾਂ ਮਨੁੱਖ ਨੇ ਸਹਿਜੇ-ਸਹਿਜੇ ਆਪਣੀ ਨੀਵੀਂ ਆਪਾ-ਰੂਪੀ ਪ੍ਰਕਿਰਤੀ ਨੂੰ ਉਚੇਰੇ ਆਪੇ ਨਾਲ ਸੁਮੇਲ ਕਰਨਾ ਹੈ। ਇਸ ਨਾਲ ਮਨੁੱਖ ਨੂੰ ਉਚੇਰੀਆਂ ਪ੍ਰੇਰਨਾਵਾਂ ਦੀ ਪ੍ਰਾਪਤੀ ਹੋਵੇਗੀ ਤੇ ਨੀਵੀਆਂ ਪਾਸ਼ਵਿਕ ਪ੍ਰਵਿਰਤੀਆਂ ਭਾਵ ਪਸ਼ੂਆਂ ਵਰਗੇ ਕਰਮਾਂ ਤੇ ਵਿਨਾਸ਼ਕਾਰੀ ਕਾਰਜਾਂ ਤੋਂ ਮੁਕਤੀ ਮਿਲ ਜਾਵੇਗੀ। ਇਹ ਮਨੁੱਖੀ ਮਨ ਅਣੱਖ, ਸੁਤੰਤਰਤਾ, ਸਮਾਨਤਾ, ਨਿਆਂ, ਜਬਰੀ ਤੇ ਜ਼ਾਲਮਾਂ ਦਾ ਭੱਟਵਾਂ ਵਿਰੋਧ ਕਰਨ ਦੀ ਸ਼ਕਤੀ ਤੇ ਇਖ਼ਲਾਕ ਦੀ ਬੁਲੰਦੀ ਆਦਿ ਅਸੂਲਾਂ ਤੇ ਆਧਾਰਿਤ ਹੋਵੇਗਾ। ਇਸ ਤਰ੍ਹਾਂ ਸੱਚ ਮਨੁੱਖੀ ਮਨ ਨੂੰ ਗਤੀਸ਼ੀਲਤਾ, ਸੰਘਰਸ਼ਸ਼ੀਲਤਾ ਤੇ ਕਰਮਸ਼ੀਲਤਾ ਵਿਚ ਬਦਲ ਦੇਵੇਗਾ।

ਗੁਰੂ ਨਾਨਕ ਦੇਵ ਜੀ ਦੇ ਜਪੁ ਜੀ ਬਾਣੀ ਦੀਆਂ 34ਵੀਂ ਤੋਂ 37ਵੀਂ ਪਉੜੀਆਂ ਵਿਚ ਸਚਿਆਰਤਾ ਦੀ ਸੁਖਮਤਾ ਬਾਰੇ ਦ੍ਰਿਸ਼ਾਇਆ ਹੈ। ਇਉਂ ਜਪੁ ਜੀ ਬਾਣੀ ਸਚਿਆਰ ਮਾਰਗ ਦੀ ਪ੍ਰਾਪਤੀ ਲਈ ਮਨੁੱਖੀ ਮਾਨਸਿਕਤਾ ਨੂੰ ਪਰਿਵਰਤਨਸ਼ੀਲ ਕਰਨ ਦੀ ਪ੍ਰਕਿਰਿਆ ਨਾਲ ਜੋੜਦੀ ਹੈ। ਜਪੁ ਜੀ ਬਾਣੀ ਦੀ ਇਸ ਹੇਠਲੀ ਪਉੜੀ ਵਿਚ ਗੁਰੂ ਨਾਨਕ ਦੇਵ ਬ੍ਰਹਿਮੰਡ ਦੀ ਵਿਸ਼ਾਲ ਗਤੀਸ਼ੀਲਤਾ ਵਿਚ ਮਨੁੱਖੀ ਵਿਲਖਣਾ ਨੂੰ ਨਿਸ਼ਚਿਤ ਕਰਦੇ ਹਨ।

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨਿਸਾਣੁ॥
ਕਚ ਪਕਾਈ ਉਥੈ ਪਾਇ॥
ਨਾਨਕ ਗਇਆ ਜਾਪੈ ਜਾਇ॥ [17]

ਇਸ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਂ ਹਨ ਕਿ ਬ੍ਰਹਿਮੰਡ ਵਿਚ (ਰਾਤੀ ਰੁਤੀ) ਰਾਤ-ਦਿਨ ਤੇ ਰੁਤਾਂ ਅਤੇ ਇਹ ਸਭ ਕਾਲ (ਸਮੇਂ) ਦੀ ਗਤੀ ਵਿਚ ਹਨ। ਜਿਸ ਵਿਚ ਧਰਤੀ

ਦੀ ਸਿਰਜਣਾ ਧਰਮ ਪਾਲਣਾ ਲਈ ਹੋਈ ਹੈ। ਇਹ ਧਰਤੀ ਮਨੁੱਖਤਾ ਲਈ ਧਰਮਸਾਲ ਅਤੇ ਧਰਮ ਦੀ ਨਿਰੰਤਰਤਾ ਵਿਚ ਚਲਦੀ ਹੈ। ਧਰਤੀ ਤੇ ਅਨੇਕਾਂ ਜੀਵ-ਜੰਤੂ ਹਨ, ਜਿਨ੍ਹਾਂ ਦਾ ਆਪੋ-ਆਪਣਾ ਪ੍ਰਕਾਰਜੀ ਦਾਇਰਾ ਹੈ। ਜਿਹੜਾ ਝੂਠ (ਪਾਲਿ) ਤੇ ਸੱਚ (ਸਚਿਆਰ) ਦੇ ਸੰਘਰਸ਼ ਵਿਚ ਚਲਦਾ ਹੈ। ਵਧੇਰੇ ਜੀਵ-ਜੰਤੂਆਂ ਦੀ ਜੀਵਨ ਗਤੀਸ਼ੀਲਤਾ ਝੂਠ ਨਾਲ ਸੰਬੰਧਿਤ ਹੋ ਕੇ ਚਲਦੀ ਹੈ। ਇਸ ਕਰਕੇ ਇਨ੍ਹਾਂ ਦੀ ਪਛਾਣ ਲਈ ('ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ') ਦਾ ਮਸਲਾ ਬਣਿਆ ਰਹਿੰਦਾ ਹੈ। ਕੁੜਿਆਰ ਨੂੰ ਕੋਈ ਥਾਂ ਨਹੀਂ ਮਿਲਦੀ, 'ਵਿਣੁ ਨਾਵੈ ਨਾਹੀ ਕੋ ਥਾਉ' (ਜਪੁ ਜੀ ਪਉੜੀ 19) ਤੇ 'ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ॥' ਅੰਕ 1284 ਅਤੇ 'ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ'॥ ਅੰਕ 1111, ਇਸ ਤਰ੍ਹਾਂ ਦੀ ਮਨੁੱਖਤਾ ਦੇ ਹੱਥ, ਪੈਰ, ਤਨ-ਦੇਹ ਸਭ ਝੂਠ ਦੇ ਪਸਾਰੇ ਨਾਲ ਸੰਬੰਧਤ ਹੁੰਦੇ ਹਨ। ਇਹ ਕੁੜਿਆਰ ਭਾਈਚਾਰਾ ਗੁਣਹੀਨ ਹੈ। ਇਨ੍ਹਾਂ ਦੀ ਮਾਨਸਿਕਤਾ ਪਾਪਾਂ ਨਾਲ ਭਰੀ ਰਹਿੰਦੀ ਹੈ। ਇਸ ਤਰ੍ਹਾਂ ਦੀ ਮਨੁੱਖੀ ਮਾਨਸਿਕਤਾ ਬਾਰੇ ਗੁਰੂ ਨਾਨਕ ਦੇਵ ਇਸ ਤਰ੍ਹਾਂ ਫ਼ੁਰਮਾਇਆ ਕਰਦੇ ਹਨ — 'ਗਿਆਨ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ॥' ਅੰਕ 75, ਹੇ ਮਨੁੱਖ ਜੇਕਰ ਆਪਣੀ ਜੀਵਨ-ਗਤੀਸ਼ੀਲਤਾ ਵਿਚ ਪਰਮਾਤਮਾ ਨਾਲ ਜਾਣ-ਪਛਾਣ ਨਹੀਂ ਸਥਾਪਿਤ ਕੀਤੀ ਤੇ ਇੰਦੀਆਵੀ ਵਿਕਾਰਾਂ ਨੂੰ ਰੋਕਣ ਲਈ ਕਦੀ ਸੱਚ ਦਾ ਸਹਾਰਾ ਨਹੀਂ ਲਇਆ ਤਾਂ ਇਸ ਦਾ ਨਤੀਜਾ ਇਹ ਹੋਵੇਗਾ ਕਿ ਤੂੰ ਜਨਮ-ਮਰਣ ਦੇ ਗੇੜ ਵਿਚ ਪੈ ਜਾਵੇਗਾ ਤੇ ਆਪਣੇ ਮੂਲ ਦੀ ਪਛਾਣ ਭੁੱਲਣ ਕਾਰਨ ਸੱਚ ਦੀ ਪ੍ਰਾਪਤੀ ਤੋਂ ਬਾਂਝਾ ਰਹਿ ਜਾਵੇਗਾ।

ਗੁਰੂ ਨਾਨਕ ਦੇਵ ਜੀ ਅਨੁਸਾਰ ਸੱਚ ਮਨੁੱਖੀ ਸਰੀਰ ਵਿਚ ਹੀ ਨਿਵਾਸ ਕਰਦਾ ਹੈ। ਆਪ ਜੀ ਸੱਚ ਪ੍ਰਾਪਤੀ ਦੀ ਪ੍ਰਕਿਰਿਆ ਨੂੰ ਹੇਠਲੀ ਪਉੜੀ ਵਿਚ ਸਮਝਾਉਂਦੇ ਹਨ।

ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ [18]

ਇਹ ਪ੍ਰਕਿਰਿਆ ਸੱਚ ਆਧਾਰੀ ਹੈ ਜਿਸ ਦਾ ਨਿਅੰਤਰਣ ਵੀ ਸੱਚ ਆਧਾਰੀ ਹੈ। ਸੱਚੇ ਦਰਬਾਰ ਵਿਚ ਪ੍ਰਵਾਨਗੀ ਕੇਵਲ ਉਨ੍ਹਾਂ ਜੀਵ ਆਤਮਾ ਨੂੰ ਪ੍ਰਾਪਤ ਹੁੰਦੀ ਹੈ ਜਿਹੜੇ 'ਪੰਚ' ਹਨ ਇਨ੍ਹਾਂ ਨੂੰ ਪ੍ਰਵਾਨਗੀ ਸੱਚੇ ਦਰਬਾਰ ਵਿਚ 'ਨਦਰ' ਦੀ ਬਖ਼ਸ਼ਿਸ਼ ਨਾਲ ਪ੍ਰਾਪਤ ਹੁੰਦੀ ਹੈ। ਉੱਧਮ ਕਰਮਸ਼ੀਲਤਾ ਦੀ ਕਰਮ ਨਿਸ਼ਾਨੀ ਮਨੁੱਖੀ ਵਿਹਾਰ ਰਾਹੀ 'ਕੱਚ' ਤੇ 'ਸੱਚ' ਦਾ ਨਿਖੇੜ ਕਰਵਾ ਕੇ ਸੱਚ ਦੀ ਸੋਝੀ ਪ੍ਰਾਪਤ ਕਰਨ ਵਾਲਾ ਵਿਵਹਾਰਕ ਜੀਵਨ ਬਣਾ ਦੇਂਦੀ ਹੈ। ਇਸ ਵਿਚਾਰ ਦੀ ਦ੍ਰਿੜ੍ਹਤਾ ਹੇਠਲੀ ਪਉੜੀ ਤੋਂ ਹੁੰਦੀ ਹੈ:

ਗਾਵੈ ਕੋ ਦਾਤਿ ਜਾਵੈ ਨੀਸਾਣੁ॥ [19]

ਦਾਤ ਨੂੰ ਨਿਸ਼ਾਨ ਸਮਝ ਕੇ ਮਨੁੱਖ ਉਚੇਰੀ ਚਿੰਤਨ ਪ੍ਰਕਿਰਿਆ ਵਿਚ ਪਹੁੰਚ ਜਾਂਦਾ ਹੈ। ਇਹ ਅਵਸਥਾ ਗਿਆਨ ਅਭਿਆਸ ਦੀ ਹੈ। ਇਹੀ ਮਨੁੱਖੀ ਜੀਵਨ ਸ੍ਰੋਤ ਹੈ। ਦਾਤ ਪ੍ਰਾਪਤੀ ਦੀ ਪ੍ਰਕਿਰਿਆ ਇਸ ਤਰ੍ਹਾਂ ਸਮਝਾਈ ਗਈ ਹੈ:

ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥ [20]

ਇਨ੍ਹਾਂ ਗੁਣਾਂ ਦੀ ਦਾਤ ਗੁਰਪ੍ਰਸਾਦਿ ਦੀ ਮਿਹਰ ਨਾਲ ਹੀ ਮਿਲਦੀ ਹੈ। ਇਸ ਮਿਹਰ ਪ੍ਰਾਪਤੀ ਲਈ ਕਹਿੜੀਆਂ-ਕਹਿੜੀਆਂ ਹਸਤੀਆਂ ਹਨ ਜਿਹੜੀਆਂ ਆਪੋ-ਆਪਣੀ ਚੌਰਾਸੀ ਲੱਖ ਜੂਨਾਂ ਤੋਂ ਖਲਾਸੀ (ਭਾਵ ਮੁਕਤੀ) ਚਾਹੁੰਦਿਆਂ ਹਨ। ਗੁਰੂ ਨਾਨਕ ਦੇਵ ਜੀ ਅਨੁਸਾਰ ਉਨ੍ਹਾਂ ਨੂੰ ਸੱਚ ਦੇ ਪ੍ਰਬੰਧ ਸਮਝਣ ਲਈ ਤਿਆਰ ਹੋਣਾ ਪਵੇਗਾ। ਕਿਉਂਕਿ ਸੱਚ ਦੀ ਪ੍ਰਬੰਧਸ਼ੀਲਤਾ ਨੂੰ ਸਮਝਣ ਵਾਲਾ ਮਨੁੱਖੀ ਮਨ ਆਪਣੀ ਵਿਅਕਤੀਗਤ ਹਉਮੈਂ ਨੂੰ ਤਿਆਗ ਕੇ ਸੱਚਮਈ ਪ੍ਰਬੰਧ ਵਿਚ ਚੱਲਣ ਦਾ ਅਭਿਆਲੀ ਬਣ ਸਕਦਾ ਹੈ। ਹੁਕਮ ਸੱਚ ਦਾ ਪ੍ਰਤੀਕ ਹੈ। ਹੁਕਮ ਰਜਾਈ ਚਲਣਾ ਹੀ ਸੱਚ ਦਾ ਧਾਰਣੀ ਬਣਨਾ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ [21]

ਹੁਕਮ ਅਨੁਸਾਰ ਹੀ ਸਾਰੇ ਜੀਵ-ਆਕਾਰ ਗ੍ਰਹਿਣ ਕਰਦੇ ਹਨ, ਸੱਚ ਤੋਂ ਬਾਹਰ ਕੋਈ ਜੀਵ ਨਹੀਂ ਹੈ। ਜੀਵ-ਹੁਕਮ ਅੰਦਰ ਚੱਲ ਕੇ ਸਹਿਜਤਾ ਧਾਰਣ ਕਰਦਾ ਹੈ।ਇਸ ਹੁਕਮ (ਸੱਚ) ਨੂੰ ਜਿਸ ਮਨੁੱਖੀ ਜੀਵ-ਆਤਮਾ ਨੇ ਸਮਝ ਕੇ ਹੁਕਮ ਪਾਲਣ ਦਾ ਅਭਿਆਸ ਆਰੰਭ ਸ਼ੁਰੂ ਕਰ ਦਿੱਤਾ ਉਹੀ ਜੀਵ-ਆਤਮਾ ਹਉਮੈ ਮੁਕਤ ਅਵਸਥਾ ਵਿਚ ਵਿਚਰ ਸਕਦੀ ਹੈ। ਉਸ ਜੀਵ-ਆਤਮਾ ਨੂੰ ਹੁਕਮ ਦੀ ਰਜ਼ਾ ਵਿਚ ਚੱਲਣ ਲਈ ਸਰੀਰਕ ਤੇ ਮਾਨਸਿਕ ਕਿਰਿਆ ਰਾਹੀਂ ਹੁਕਮ ਅੱਗੇ ਸਮਰਪਣ ਦੀ ਸਮਝ ਆ ਜਾਂਦੀ ਹੈ। ਹੁਕਮ (ਸੱਚ) ਮਨੁੱਖੀ ਮਾਨਸਿਕਤਾ ਦਾ ਸੰਬੰਧ ਬ੍ਰਹਿਮੰਡੀ ਪਾਸਾਰ (ਸਚ-ਖੰਡ) ਨਾਲ ਜੋੜਦਾ ਹੈ।

ਸੱਚ ਦੀ ਪ੍ਰਕਿਰਿਆ ਵਿਚ ਚਲਦੀ ਮਨੁੱਖੀ ਜੀਵ-ਆਤਮਾ ਜਪੁ ਜੀ ਸਾਹਿਬ ਵਿਚ ਦ੍ਰਿਸ਼ਾਈ ਖੰਡ ਪ੍ਰਕਿਰਿਆ ਰਾਹੀਂ ਆਪਣੀ ਸੁਰਤ, ਮਤ, ਬੁੱਧ ਦੀ ਘਾੜਤ ਘੜਦੀ ਹੈ ਅਤੇ ਮੱਚਖੰਡ ਵਿਚ ਪ੍ਰਵੇਸ਼ ਕਰਕੇ ਉਸੇ ਵਿਚ ਲੀਨ ਹੋ ਜਾਂਦੀ ਹੈ। ਇਹ ਅਵਸਥਾ ਹੁਕਮ ਤੇ ਨਦਰ ਦੀ ਹਜ਼ੂਰੀ ਵਿਚ ਚੱਲ ਕੇ ਸੱਚ ਦੀ ਪ੍ਰਾਪਤੀ ਦੇ ਅਨੁਭਵ ਤੇ ਗਿਆਨ ਦੀ ਹੈ, ਇਸ ਕਾ ਕਥਨ ਨਹੀਂ ਹੋ ਸਕਦਾ। ਇਹ ਮਨੁੱਖੀ ਜੀਵ-ਆਤਮਾ ਆਪ ਹੀ ਇਸ ਉੱਚੀ-ਸੁੱਚੀ ਅਵਸਥਾ ਦਾ ਆਨੰਦ ਨਹੀਂ ਲੈਂਦੀ ਸਗੋਂ ਆਪਣੇ ਨਾਲ ਸੰਬੰਧ ਅਨੇਕਾਂ ਸੰਗਤੀ ਨੂੰ ਸੱਚ ਦੇ ਦਰਸ਼ਨ ਕਰਵਾ ਕੇ ਪ੍ਰਵਾਨਗੀ ਦਿਵਾਉਂਦੀ ਹੈ।

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ [22]

ਅਤੇ

ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ
ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨਿਸਾਣੁ॥ [23]

ਇਹ ਪ੍ਰਚੰਡ ਚੇਤਨਾ ਮਨੁੱਖੀ ਮਾਨਸਿਕਤਾ ਨੂੰ ਨਾਮ ਸ਼ਬਦ ਨਾਲ ਜੋੜਦੀ ਹੈ ਜਿਸ ਤਰ੍ਹਾਂ ਸੁਨਿਆਰੇ ਦੀ ਕਾਰਗੁਜ਼ਾਰੀ ਰਾਹੀਂ ਸੋਨਾ, ਧਾਤ, ਅੱਗ, ਹਥੋੜੀ, ਘੌਂਕਣੀ ਆਦਿ ਸਖ਼ਤ ਪ੍ਰਕਿਰਿਆ ਵਿਚੋਂ ਗੁਜ਼ਰ ਕੇ ਸੋਨੇ ਦੇ ਗਹਿਣੇ ਦਾ ਸੁੰਦਰ ਰੂਪ ਧਾਰਣ ਕਰਦੀ ਹੈ। ਇਸੇ ਤਰ੍ਹਾਂ ਮਨੁੱਖੀ ਮਨ ਨੂੰ ਨਾਮ, ਸ਼ਬਦ-ਅਭਿਆਸ ਦੀ ਪ੍ਰਕਿਰਿਆ ਜਿਵੇਂ ਜਤੁ, ਧੀਰਜੁ, ਮਤੁ, ਵੇਦ, ਤਾਉ (ਪਿਆਰ), ਤਪ ਵਿਚੋਂ ਲੰਘਣਾ ਪੈਂਦਾ ਹੈ। ਭਾਵ ਮਨੁੱਖੀ ਮਨ ਨੂੰ ਇਕ ਸੰਜਮੀ ਵਰਤਾਰੇ ਦੀ ਘਾੜਤ ਗ੍ਰਹਿਣ ਕਰਨੀ ਪੈਂਦੀ ਹੈ। ਫਿਰ ਹੀ ਸਰੀਰ ਨੂੰ ਇੰਦ੍ਰਆਈ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਇੰਦ੍ਰੀਆਈ ਅਨੰਦ ਦੀ ਭਾਲ ਅਜੋਕੇ ਜੀਵਨ-ਕਾਲ ਵਿਚ ਵੀ ਦਿੱਖ ਰਹੀ ਹੈ। ਸਮੁੱਚੇ ਰੂਪ ਵਿਚ ਅਸੀਂ ਇਸ ਨੂੰ ਮਨੁੱਖੀ ਜੀਵਨ ਲਈ ਸਰਬਕਾਲੀ ਪ੍ਰਾਸੰਗਿਕਤਾ ਮੰਨਦੇ ਹਾਂ ਕਿਉਂਕਿ ਇਹ ਸੱਚ ਮਨੁੱਖ ਨੂੰ ਆਪਣੀਆਂ ਅਸੀਮ ਸੰਭਾਵਨਾਵਾਂ ਪ੍ਰਤੀ ਜਾਗ੍ਰਿਤ ਕਰਦਾ ਹੈ ਤੇ ਬ੍ਰਹਿਮੰਡੀ ਚੇਤਨਾ ਦੇ ਵਿਕਾਸ ਦਾ ਹਿੱਸਾ ਬਣਨ ਲਈ ਪ੍ਰੇਰ ਦਾ ਹੈ।

### ਹਵਾਲੇ


1. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 1
2. ਆਸਾ ਫ਼ਰੀਦ, ਗੁਰੂ ਗ੍ਰੰਥ ਸਾਹਿਬ, ਅੰਗ 488
3. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਅੰਗ-956
4. ਆਸਾ ਦੀ ਵਾਰ, ਗੁਰੂ ਗ੍ਰੰਥ ਸਾਹਿਬ, ਅੰਗ 467
5. ਆਸਾ ਦੀ ਵਾਰ, ਗੁਰੂ ਗ੍ਰੰਥ ਸਾਹਿਬ, ਅੰਗ 463
6. ਰਾਮਕਲੀ ਮਹਲਾ 5, ਗੁਰੂ ਗ੍ਰੰਥ ਸਾਹਿਬ, ਅੰਗ 937
7. ਸਿਰੀ ਰਾਗ ਮਹਲਾ 1, ਗੁਰੂ ਗ੍ਰੰਥ ਸਾਹਿਬ, ਅੰਗ 15
8. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 6
9. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 3
10. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 6
11. ਮਲਾਹ ਮਹਲਾ 1, ਗੁਰੂ ਗ੍ਰੰਥ ਸਾਹਿਬ, ਅੰਗ 1255-1256
12. ਧਨਾਸਰੀ ਮਹਲਾ 1, ਗੁਰੂ ਗ੍ਰੰਥ ਸਾਹਿਬ, ਅੰਗ 13
13. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 7
14. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 8
15. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 8
16. ਸਿਰੀ ਰਾਗ ਮਹਲਾ 3, ਗੁਰੂ ਗ੍ਰੰਥ ਸਾਹਿਬ, ਅੰਗ 68
17. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 7
18. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 2
19. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 1
20. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 4
21. ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 1
22. ਸਲੋਕ, ਜਪੁ ਜੀ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ 8
23. ਸਿਰੀਰਾਗ ਮਹਲਾ 1, ਗੁਰੁ ਗ੍ਰੰਥ ਸਾਹਿਬ, ਅੰਗ 22